ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਐਃਸਿਃ) ਪੰਜਾਬ
ਪੰ.ਸ.ਸ.ਬ. ਕੰਪਲੈਕਸ, ਬਲਾਕ ਈ, ਛੇਵੀਂ ਮੰਜਿਲ, ਸੈਕਟਰ-62, ਸਅਸ ਨਗਰ।
(ਅਮਲਾ-2 ਸਾਖਾ)

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐਸਿ)
ਪੰਜਾਬ ਰਾਜ।

ਮੀਮੋ ਨੰ – E-1082275 / 111
ਮਿਤੀ ਸਅਸ ਨਗਰਃ 5 – 03 – 2026

ਵਿਸ਼ਾਃ ਈਟੀਟੀ 6635 ਅਧਿਆਪਕਾਂ ਦੀਆਂ ਤਨਖਾਹ ਵੈਟ/ਫਿਕਸ਼ਸਨ ਕਰਵਾਉਣ ਸੰਬੰਧੀ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਈਟੀਟੀ 6635 ਅਧਿਆਪਕ ਯੂਨੀਅਨ, ਪੰਜਾਬ ਵਲੋਂ ਇਸ ਦਫਤਰ ਦੇ ਧਿਆਨ ਵਿਚ ਲਿਆਂਦਾ ਗਿਆ ਹੈ ਕਿ ਮਾਨਯੋਗ ਕੋਰਟ ਵਲੋਂ ਸੌਰਵ ਸ਼ਰਮਾਂ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਦੇ ਕੇਸ ਵਿਚ ਦਿੱਤੇ ਫੈਸਲੇ ਦੇ ਅਧਾਰ ਤੇ ਡਿਸਾਇਡ ਕੀਤੇ ਕੇਸਾਂ ਵਿਚ ਇਸ ਦਫਤਰ ਵਲੋਂ ਮੂੰਹ ਬੋਲਦੇ ਹੁਕਮ ਤਾਂ ਜਾਰੀ ਕਰ ਦਿੱਤੇ ਗਏ ਪ੍ਰੰਤੂ ਸੰਬੰਧਤ ਜਿਲ੍ਹਾ ਸਿੱਖਿਆ ਅਫਸਰ (ਐਸਿ) ਦਫਤਰ ਵਲੋਂ ਉਹਨਾਂ ਦੀ ਤਨਖਾਹ ਵੈਟ/ਫਿਕਸ ਨਹੀਂ ਕੀਤੀ ਗਈ ਹੈ।

ਉਪਰੋਕਤ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਮਾਨਯੋਗ ਕੋਰਟ ਵਲੋਂ ਅਜਿਹੇ ਕੇਸਾਂ ਵਿਚ ਕੀਤੇ ਹੁਕਮਾਂ ਸਨਮੁੱਖ ਇਸ ਦਫਤਰ ਵਲੋਂ ਵੱਖ ਵੱਖ ਕੇਸਾਂ ਵਿਚ ਪਟੀਸ਼ਨਰਾਂ ਦੀ ਤਨਖਾਹ ਰੀ-ਫਿਕਸ ਕਰਨ ਦੇ ਮੂੰਹ ਬੋਲਦੇ ਹੁਕਮ ਜਾਰੀ ਕੀਤੇ ਗਏ ਸਨ। ਇਸ ਸੰਬੰਧ ਵਿਚ ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ) ਵਲੋਂ ਪੱਤਰ ਨੰਃ FD-FP-10CC(CWP)/202/2025-3FP1/1 ਮਿਤੀ 05.01.2026 ਰਾਹੀਂ ਪਟੀਸ਼ਨਰਾਂ ਦੀ ਤਨਖਾਹ SAS ਅਧਿਕਾਰੀ ਤੋਂ ਵੈਂਟ ਕਰਵਾਉਣ ਉਪਰੰਤ ਰੀ-ਫਿਕਸ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਵਿੱਤ ਵਿਭਾਗ ਪੱਤਰ ਮਿਤੀ 05.01.2026 ਦੀ ਰੋਸ਼ਨੀ ਵਿਚ ਵੀ ਇਸ ਦਫਤਰ ਵਲੋਂ ਅਜਿਹੇ ਕੇਸਾਂ ਵਿਚ ਮੂੰਹ ਬੋਲਦੇ ਹੁਕਮ ਜਾਰੀ ਕੀਤੇ ਗਏ ਹਨ।

ਇਸ ਸੰਬੰਧ ਵਿਚ ਲਿਖਿਆ ਜਾਂਦਾ ਹੈ ਕਿ ਵਿੱਤ ਵਿਭਾਗ ਵਲੋਂ ਪੱਤਰ ਮਿਤੀ 05.01.2026(ਕਾਪੀ ਨੱਥੀ) ਵਿਚ ਦਿੱਤੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਹਿੱਤ ਆਪਦੇ ਦਫਤਰ ਵਿਖੇ ਨਿਯੁਕਤ ਐਸ.ਏ.ਐਸ. ਅਧਿਕਾਰੀ ਤੋਂ ਪਟੀਸ਼ਨਰਾਂ ਦੀ ਤਨਖਾਹ ਚੈੱਕ/ਵੈਂਟ ਕਰਵਾਉਣ ਉਪਰੰਤ ਰੀ-ਫਿਕਸ ਕਰਨੀ ਯਕੀਨੀ ਬਣਾਈ ਜਾਵੇ। ਐਸ.ਏ.ਐਸ. ਅਧਿਕਾਰੀ ਦੀ ਗੈਰਹਾਜਰੀ/ਅਣਹੋਂਦ ਜਾਂ ਨਿਯੁਕਤੀ ਨਾਂ ਹੋਣ ਦੀ ਸੂਰਤ ਵਿਚ ਜਿਲ੍ਹਾ ਪੱਧਰ ਤੇ ਇੰਨਟਰਨਲ ਆਡਿਟ ਵਿੰਗ ਤੋਂ ਪਟੀਸ਼ਨਰਾਂ ਦੀ ਤਨਖਾਹ ਚੈੱਕ/ਵੈਂਟ ਕਰਵਾਏ ਜਾਣ। ਅਜਿਹੇ ਸਾਰੇ ਪੈਡਿੰਗ ਕੇਸ ਡੀ.ਡੀ.ਓ. ਵਲੋਂ ਇੱਕ ਹਫਤੇ ਦੇ ਅੰਦਰ ਵੈਰੀਫਿਕੇਸ਼ਨ/ਵੈਟਿੰਗ ਲਈ ਐਸ.ਏ.ਐਸ. ਅਧਿਕਾਰੀ ਨੂੰ ਭੇਜਣੇ ਯਕੀਨੀ ਬਣਾਏ ਜਾਣ। ਹੁਕਮਾਂ ਦੀ ਪਾਲਣਾ ਨਾ ਕਰਨ/ਅਣਗਹਿਲੀ ਵਰਤਣ ਵਾਲੇ ਅਧਿਕਾਰੀ/ਕਰਮਚਾਰੀ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਰੂਲ 1970 ਦੀ ਧਾਰਾ 8 ਵਿਚ ਕੀਤੇ ਉਪਬੰਧਾਂ ਅਨੁਸਾਰ ਅਨੁਸਾਸਨੀ ਕਾਰਵਾਈ ਆਰੰਭੀ ਜਾਵੇਗੀ।

ਸਹਾਇਕ ਡਾਇਰੈਕਟਰ(ਅਮਲਾ-2)